MA - II Sem - III Music (V) Paper - II Raga & Tala their Physics and Aesthetics

## Section - A

Q1. Rag definition, Concept and characteristics.

Ans. <u>ਰਾਗ ਦਾ ਸਾਰਥਿਕ ਅਤੇ ਅਰਥ</u>

ਸੰਗੀਤ ਦੇ ਅਰਥ ਆਪਣੇ ਆਪ ਵਿਚ ਬਹੁਤ ਵਿਸ਼ਾਲ ਹਨ। ਸਵਰ, ਲੈਅ ਅਤੇ ਤਾਲ ਦੇ ਸੰਯੋਗ ਨਾਲ ਦੂਜਿਆਂ ਨੂੰ ਮਧੁਰਤਾ, ਖੁਸ਼ੀ ਅਤੇ ਮਨ ਨੂੰ ਰਸ ਪ੍ਰਦਾਨ ਕਰਨ ਵਾਲੀ ਧੁਨੀ ਜਾਂ ਨਾਦ ਦਾ ਨਾਂ ਸੰਗੀਤ ਹੈ। ਵਿਦਵਾਨਾਂ ਅਨੁਸਾਰ ਨਾਦ ਤੋਂ ਸ਼ਰੁਤੀ, ਸ਼ਰੁਤੀ ਤੋਂ ਸਵਰ, ਸਵਰ ਤੋਂ ਸਪਤਕ ਤੇ ਸਪਤਕ ਤੋਂ ਥਾਟ ਬਣਦਾ ਹੈ ਅਤੇ ਥਾਟਾਂ ਤੋਂ ਰਾਗਾਂ ਦੀ ਉਤਪਤੀ ਹੁੰਦੀ ਹੈ।

ਭਾਰਤੀ ਸ਼ਾਸਤਰੀ ਸੰਗੀਤ ਵਿਚ ਰਾਗ ਨੂੰ ਅਹਿਮ ਸਥਾਨ ਪ੍ਰਾਪਤ ਹੈ। ਵਿਦਵਾਨਾਂ ਵਲੋਂ ਰਾਗ ਸ਼ਬਦ ਦੇ ਵੱਖ-ਵੱਖ ਅਰਥ ਮਿਲਦੇ ਹਨ। ਮੂਲ ਰੂਪ ਵਿਚ ਰਾਗ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਇਸ ਦੀ ਉਤਪਤੀ ਰੰਜ ਧਾਤੂ ਤੋਂ ਮੰਨੀ ਜਾਂਦੀ ਹੈ। ਜਿਸ ਦਾ ਅਰਥ ਹੈ ਰੰਜਨ, ਰੰਜਕਤਾ ਭਾਵ ਪ੍ਰਸੰਨਤਾ ਦੇਣ ਵਾਲਾ। ਰਾਗ ਸ਼ਬਦ ਦਾ ਪ੍ਰਯੋਗ ਗ੍ਰੰਥਾਂ ਵਿਚ ਵਿਭਿੰਨ ਅਰਥਾਂ ਵਿਚ ਮਿਲਦਾ ਹੈ ਜਿਵੇਂ ਕਿ ਭਾਵਨਾ, ਰੰਗ ਜਾਂ ਰੰਜਕਤਾ, ਰਗੜ, ਸ਼ੋਰ, ਕ੍ਰੋਧ, ਪ੍ਰੇਮ ਆਦਿ। ਪਰ ਸੰਗੀਤ ਵਿਚ ਰਾਗ ਸ਼ਬਦ ਰੰਗ ਦੇਣ ਦੀ ਸਮਰੱਥਾ ਹੋਵੇ, ਉਹ ਨਾਲ ਜੁੜਿਆ ਹੋਇਆ ਹੈ ਭਾਵ ਜਿਸ ਵਿਚ ਰੰਗ ਦੇਣ ਦੀ ਸਮਰੱਥਾ ਹੋਵੇ ਉਹ ਰਾਗ ਹੈ। ਰੰਜਨ ਰਾਗ ਹੈ। ਜਾਂ ਜਿਸ ਵਿਚ ਰੰਜਨ ਕਰਨ ਦੀ ਸਮਰੱਥਾ ਹੋਵੇ ਜਾਂ ਇਸ ਪ੍ਰਕਾਰ ਦਾ ਵਿਸ਼ੇਸ਼ ਗਾਇਨ ਰਾਗ ਕਹਿਲਾਉਂਦਾ ਹੈ।

ਸੰਗੀਤ ਵਿਚ ਸਭ ਤੋਂ ਪਹਿਲਾ ਰਾਗ ਸ਼ਬਦ ਦੀ ਪਰਿਭਾਸ਼ਾ ਮਤੰਗਮੁਨੀ ਦੁਆਰਾ ਰਚਿਤ ਗ੍ਰੰਥ ਬ੍ਰਿਹੱਦੇਸ਼ੀ ਵਿਚ ਮਿਲਦੀ ਹੈ। ਪਰੰਤੂ ਇਸ ਤੋਂ ਪਹਿਲਾਂ ਵੀ ਇਤਿਹਾਸਕ ਗ੍ਰੰਥਾਂ ਵਿਚ ਰਾਗਾਂ ਦਾ ਉਲੇਖ ਮਿਲਦਾ ਹੈ। ਮਤੰਗ ਤੋਂ ਪਹਿਲਾਂ ਰਾਗਾਂ ਦਾ ਉਲੇਖ ਗ੍ਰਾਮ ਰਾਗਾਂ ਦੇ ਰੂਪ ਵਿਚ ਰਮਾਇਣ, ਮਹਾਂਭਾਰਤ, ਨਾਰਦੀਯ ਸ਼ਿਕਸ਼ਾ, ਹਰਿਵੰਸ਼ ਪੁਰਾਣ, ਮਾਰਕੰਡੇ ਪੁਰਾਣ, ਨਾਟਯ ਸ਼ਾਸਤਰ ਆਦਿ ਵਿਚ ਮਿਲਦਾ ਹੈ। ਮਤੰਗ ਤੋਂ ਪਹਿਲਾਂ ਰਾਗਾਂ ਦਾ ਉਲੇਖ ਗ੍ਰਾਮ ਰਾਗਾਂ ਦੇ ਰੂਪ ਵਿਚ ਰਮਾਇਣ, ਮਹਾਂਭਾਰਤ, ਨਾਰਦੀਯ ਸ਼ਿਕਸ਼ਾ,

ਸੰਸਕ੍ਰਿਤ ਦੇ ਰੰਜ ਧਾਤੂ ਤੋਂ ਬਣੇ ਰਾਗ ਸ਼ਬਦ ਦਾ ਅਰਥ ਹੈ ਰੰਗਣਾ। ਜੋ ਰਚਨਾ ਮਨੁੱਖ ਦੇ ਮਨ ਨੂੰ ਆਨੰਦ ਦੇ ਰੰਗ ਵਿਚ ਜਾਂ ਆਨੰਦ ਦੇ ਰੰਗ ਨਾਲ ਰੰਗ ਦੇਵੇ ਉਹ ਰਾਗ ਕਹਿਲਾਉਂਦੀ ਹੈ। ਕੁਝ ਵਿਦਵਾਨਾਂ ਨੇ ਅੰਗਰੇਜ਼ੀ ਭਾਸ਼ਾ ਦੇ ਸ਼ਬਦ Melody ਨੂੰ ਵੀ ਰਾਗ ਸ਼ਬਦ ਦਾ ਸਮਾਨਾਰਥਕ ਮੰਨਿਆ ਹੈ।

ਭਾਰਤੀ ਸੰਗੀਤ ਦੀ ਪ੍ਰਾਚੀਨ ਪਰੰਪਰਾ ਵਿੱਚ ਰਾਗ ਦੀ ਉਤਪਤੀ ਦੇ ਆਰੰਭਿਕ ਦੌਰ ਵਿੱਚ ਰਾਗ ਸ਼ਬਦ ਨਾਲ ਗ੍ਰਾਮ ਸ਼ਬਦ ਦੀ ਵਰਤੋਂ ਕੀਤੀ ਮਿਲਦੀ ਹੈ। ਨਾਰਦੀਯ ਸ਼ਿਕਸ਼ਾ ਵਿੱਚ ਰਾਗ ਦਾ ਉਲੇਖ ਅੱਗੇ ਲਿਖੇ ਸੰਦਰਭ ਵਿੱਚ ਪ੍ਰਾਪਤ ਹੁੰਦਾ ਹੈ:

"ਸਵਰ ਰਾਗ ਵਿਸ਼ੇਸ਼ਣ ਗ੍ਰਾਮ ਰਾਗ ਇਤੀ-ਸਮ੍ਰਿਤਾ।"

Scanned by CamScanner

ਭਾਵ ਇਹ ਹੈ ਕਿ ਸਵਰਾਂ ਦਾ ਰੰਜਕਤਾ ਤੇ ਵਿਸ਼ਿਸ਼ਟ ਰੂਪ ਹੀ ਗ੍ਰਾਮ, ਰਾਗ ਕਹਾਉਂਦਾ ਹੈ। ਅਰਥਾਤ ਰੰਜਕਤਾ ਗ੍ਰਾਮ-ਰਾਗਾਂ ਦੀ ਵਿਸ਼ੇਸ਼ਤਾ ਹੈ। ਹਰੀਵੰਸ਼ ਪੁਰਾਣ ਵਿਚ 6 ਅਤੇ ਮਾਰਕੰਡੇ ਵਿਚ 7 ਗ੍ਰਾਮ ਰਾਗਾਂ ਦਾ ਜ਼ਿਕਰ ਮਿਲਦਾ ਹੈ। ਰਾਗ ਦੇ ਸੰਦਰਭ ਵਿਚ ਗੱਲ ਕਰਦਿਆਂ ਜਦੋਂ ਅਸੀਂ ਜਰਾ ਹੋਰ ਅੱਗੇ ਵੱਧਦੇ ਹਾਂ ਤਾਂ ਭਰਤ ਦੇ ਨਾਟਯਸ਼ਾਸਤਰ ਵਿਚ ਗ੍ਰਾਮ ਰਾਗ / ਜਾਤੀ ਰਾਗ ਦੇ ਰੂਪ ਵਿਚ ਰਾਗ ਦਾ ਉਲੇਖ ਆਇਆ ਹੈ। ਭਾਰਤੀ ਸੰਗੀਤ ਦੇ ਵਿਕਾਸ-ਕ੍ਰਮ ਵਿਚ ਗ੍ਰਾਮਾਂ ਤੋਂ ਮੂਰਛਨਾ ਤੇ ਮੂਰਛਨਾ ਤੋਂ ਜਾਤੀਆਂ ਦੀ ਉਤਪੱਤੀ ਮੰਨੀ ਜਾਂਦੀ ਹੈ ਅਤੇ ਭਰਤ ਕਾਲ ਵਿਚ ਜਾਤੀ ਗਾਇਨ ਦਾ ਪ੍ਰਚਾਰ ਸੀ। ਸਪਸ਼ਟ ਹੈ ਕਿ ਸਵਰ + ਵਰਣਾਂ ਨਾਲ ਸਜੀ ਰਚਨਾ ਜਿਸ ਨੂੰ ਪੁਰਾਣੇ ਸਮੇਂ ਵਿਚ ਜਾਤੀ ਦਾ ਨਾਮ ਦਿੱਤਾ ਗਿਆ ਸੀ ਉਸਦਾ ਦੂਸਰਾ ਨਾਮ ਅੱਜ ਰਾਗ ਹੈ।

ਭਰਤ ਤੋਂ ਬਾਅਦ ਵਾਲੇ ਸੰਗੀਤ ਆਚਾਰਯ ਕੋਹਲਮ, ਕਸ਼ਯਪ, ਯਾਸ਼ਟਿਕ, ਦੁਰਗ-ਸ਼ਕਤੀ ਪ੍ਰਣਾਲੀ ਆਦਿ ਨੇ ਜਾਤੀ ਦੀ ਥਾਂ ਰਾਗ ਦਾ ਵਿਸਥਾਰ ਸਹਿਤ ਵਰਣਨ ਕੀਤਾ ਹੈ। ਇਸ ਤੋਂ ਜਾਪਦਾ ਹੈ ਕਿ ਉਸ ਸਮੇਂ ਤਕ ਪ੍ਰਾਚੀਨ ਜਾਤੀਆਂ ਦਾ ਸਥਾਨ ਰਾਗ ਪ੍ਰਣਾਲੀ ਨੇ ਗ੍ਰਹਿਣ ਕਰ ਲਿਆ ਸੀ।

ਉਪਰੋਕਤ ਵਿਚਾਰ ਚਰਚਾ ਤੋਂ ਸਪੱਸ਼ਟ ਹੈ ਕਿ ਭਾਰਤੀ ਸੰਗੀਤ ਵਿਚ ਰਾਗ ਦਾ ਸੰਕਲਪ ਅਤੀ ਪੁਰਾਣਾ ਹੈ। ਰੰਜਕਤਾ ਪੈਦਾ ਕਰਨ ਵਾਲੇ ਇਸ ਵਿਸ਼ੇਸ਼ ਸੁਰ ਨੂੰ ਕਿਸੇ ਸਮੇਂ ਜਾਤੀ ਸ਼ਬਦ ਨਾਲ ਜਾਣਿਆ ਜਾਂਦਾ ਸੀ। ਸਮੇਂ-ਸਮੇਂ ਤੇ ਹੋਏ ਵਿਦਵਾਨਾਂ ਨੇ ਇਸ ਨੂੰ ਆਪਣੇ-ਆਪਣੇ ਦ੍ਰਿਸ਼ਟੀਕੋਣ ਅਨੁਸਾਰ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ।

<u>ਪਰਿਭਾਸ਼ਾਵਾਂ</u>

ਪ੍ਰਾਚੀਨ ਗ੍ਰੰਥਾਂ ਵਿੱਚ ਰਾਗ ਦਾ ਉਲੇਖ ਵੇਖਣ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ ਵਿਚ ਸੰਗੀਤ ਦੀ ਰਾਗ ਪਰੰਪਰਾ ਬਹੁਤ ਪ੍ਰਾਚੀਨ ਹੈ ਪਰ ਜਿੱਥੋਂ ਤਕ ਰਾਗ ਨੂੰ ਸਪੱਸ਼ਟ ਰੂਪ ਵਿਚ ਪਰਿਭਾਸ਼ਿਤ ਕਰਨ ਦੀ ਗੱਲ ਹੈ ਤਾਂ ਆਚਾਰਯ ਮਤੰਗ ਦੀ ਰਚਨਾ ਬ੍ਰਿਹੱਦੇਸ਼ੀ ਵਿਚ ਸਭ ਤੋਂ ਪਹਿਲਾਂ ਰਾਗ ਦੀ ਪਰਿਭਾਸ਼ਾ ਮਿਲਦੀ ਹੈ:-

"ਜੋऽਸੌ ਧਵਨੀ ਵਿਸ਼ੇਸ਼ਸਤੁ ਸਵਰਵਰਣ ਵਿਭੂਸ਼ਿਤ:।
ਰੰਜਕੋ ਜਨਚਿੱਤਾਨਾਂ ਸ ਚ ਰਾਗ ਉਦਾਹਰਿਤ:॥"

ਅਰਥਾਤ ਉਸ ਵਿਸ਼ਿਸ਼ਟ ਧੁਨੀ ਰਚਨਾ ਨੂੰ ਵਿਦਵਾਨਾਂ ਨੇ ਰਾਗ ਕਿਹਾ ਹੈ ਜਿਹੜੀ ਸਵਰਾਂ ਅਤੇ ਵਰਣਾਂ ਦੁਆਰਾ ਅਲੰਕ੍ਰਿਤ ਹੋਵੇ, ਸਜੀ ਹੋਵੇ ਅਤੇ ਜਨ ਚਿੱਤ ਦਾ ਰੰਜਨ ਕਰਨ ਵਾਲੀ ਹੋਵੇ। ਮਤੰਗ ਤੋਂ ਬਾਅਦ ਹੋਏ ਵਿਦਵਾਨਾਂ ਸਾਰੰਗਦੇਵ, ਕੁੰਭਾ, ਦਮੋਦਰ, ਪਾਰਸ਼ਵਦੇਵ, ਸ਼੍ਰੀ ਕੰਠ, ਸੋਮਨਾਥ, ਵਿਅੰਕਟਮੁਖੀ, ਅਹੋਬਲ ਆਦਿ ਨੇ ਵੀ ~~ਲਗਭਗ~~ ਮਤੰਗ ਦੀ ਪਰਿਭਾਸ਼ਾ ਨੂੰ ਮੂਲ ਆਧਾਰ ਮੰਨ ਕੇ ਭਿੰਨ-ਭਿੰਨ ਸ਼ਬਦਾਂ ਰਾਹੀਂ ਪਰਿਭਾਸ਼ਾ ਦਿੱਤੀ ਹੈ ਪਰ ਇੱਕ ਗੱਲ ਇਥੇ ਧਿਆਨ ਦੇਣ ਯੋਗ ਹੈ, ਰਾਗ ਦੇ ਤਿੰਨ ਪੱਖ ਸਾਰੇ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਵਿਚ ਸਮਾਨ ਰੂਪ ਵਿੱਚ ਵੇਖਣ ਨੂੰ ਮਿਲਦੇ ਹਨ:-

1. ਵਿਸ਼ਿਸ਼ਟ ਧੁਨੀ ਜਿਹੜੀ ਸੰਗੀਤਕ ਹੋਵੇ ਭਾਵ ਵਿਸ਼ੇਸ਼ ਸਵਰ ਸਮੂਹ।
2. ਸਵਰ ਅਤੇ ਵਰਣ ਨਾਲ ਸੁਸ਼ੋਭਿਤ ਹੋਵੇ।
3. ਰੰਜਕ ਤੱਤ ਦੀ ਪ੍ਰਧਾਨਤਾ ਹੋਵੇ।

Scanned by CamScanner

ਇਹਨਾਂ ਤਿੰਨਾਂ ਸ਼ਬਦਾਂ ਵਿਚੋਂ ਰੰਜਕ ਤੱਤ ਨੂੰ ਰਾਗ ਦਾ ਆਧਾਰ ਤੱਤ ਮੰਨਿਆ ਗਿਆ ਹੈ।

<u>ਕੱਲੀਨਾਥ ਜੀ ਦੇ ਕਥਨ ਅਨੁਸਾਰ</u>

ਕੱਲੀਨਾਥ ਜੀ ਨੇ ਸ਼ਾਸਤ੍ਰ ਮਤ ਤੋਂ ਰਾਗ ਪਰਿਭਾਸ਼ਾ ਨੂੰ ਸਵੀਕਾਰ ਕੀਤਾ ਹੈ। ਜੋ ਰਾਗ ਸਥਾਈ, ਆਰੋਹੀ, ਅਵਰੋਹੀ ਅਤੇ ਸੰਚਾਰੀ ਚਾਰ ਵਰਣਾਂ ਨਾਲ ਸ਼ੋਭਿਤ ਹੁੰਦਾ ਹੋਵੇ, ਉਹ ਰਾਗ ਹੈ।

"ਚਤੁਰਣਾਮਪਿ ਵਰਣਾਂ ਯੋ ਰਾਗ: ਸ਼ੋਭਤੇ ਭਵੇਤ
ਸ ਸਰਵੇ ਦ੍ਰਿਸ਼੍ਯਤੇ ਯੇਸ਼ੂ ਤੇਨ ਰਾਗਾ ਵਿਤੀ ਸਮਮਿਤਾ:।"

ਭਾਵ ਜਿਹਨਾਂ ਦੁਆਰਾ ਤਿੰਨਾਂ ਲੋਕਾਂ ਵਿਚ ਵਿਦਮਾਨ ਪ੍ਰਾਣੀਆਂ ਦੇ ਦਿਲ ਦਾ ਰੰਜਨ ਹੁੰਦਾ ਹੈ, ਭਰਤ ਆਦਿ ਮੁਨੀਆਂ ਨੇ ਉਸ ਨੂੰ ਰਾਗ ਕਿਹਾ ਹੈ।

<u>ਬ੍ਰਿਹਦੇਸ਼ੀ ਵਿਚ ਮਿਲਦੀ ਇਕ ਹੋਰ ਪਰਿਭਾਸ਼ਾ ਅਨੁਸਾਰ –</u>

"ਇਤਯੇਵ ਰਾਗ ਸ਼ਬਦਸਯ ਵਿਉਤਪੱਤੀ ਰਭਿਧੀਯਤੇ,
ਰੰਜਨਾਜਜਾਯਤੇ ਰਾਗੋ ਵਿਉਤਪੱਤੀ ਸਮੁਦਾਹ੍ਰਤ।"

<u>ਸੰਗੀਤ ਸਮੇਸਾਰ ਵਿਚ ਰਾਗ ਦੀ ਪਰਿਭਾਸ਼ਾ</u>

"ਸਵਰ ਵਰਣ ਵਿਸ਼ਿਸ਼ਟੇਨ ਧਵਨੀਭੇਦਨ ਵਾ ਪੁਨ:
ਰਜਯਤੇ ਯੇਨ ਸੱਚੀਤੰ ਸ ਰਾਗ: ਸਮਤ: ਸਤਾਮ।"

ਭਾਵ ਸਵਰ ਅਤੇ ਵਰਣ ਵਿਸ਼ੇਸ਼ ਜਾਂ ਧਵਨੀਭੇਦ (ਧੁਨੀਭੇਦ) ਜਿਸ ਦੇ ਦੁਆਰਾ ਸੱਜਣਾ ਦੇ ਚਿੱਤ ਦਾ ਰੰਜਨ ਹੋਵੇ, ਉਹ ਰਾਗ ਹੈ।

<u>ਸੋਮਨਾਥ ਅਨੁਸਾਰ</u>

"ਸਵਰ ਵਰਣ ਭੂਸ਼ਿਤਿ ਯੋ ਧਵਨੀ ਭੇਦੋ ਰੰਜਕ: ਸ ਰਾਗ ਇਹ।"

<u>ਵਿਅੰਕਟਮਖੀ ਜੀ ਅਨੁਸਾਰ</u>

ਜੋ ਸਵਰ ਪ੍ਰਬੰਧ ਸ੍ਰੋਤਾਵਾਂ ਦੇ ਮਨ ਦਾ ਰੰਜਨ ਕਰਦੇ ਹਨ, ਉਹਨਾਂ ਨੂੰ ਪੰਡਿਤ ਵਿਅੰਕਟਮਖੀ ਨੇ ਰਾਗ ਕਿਹਾ ਹੈ –

"ਰੰਜਕੀ ਸਕਾਂਸਿਤੀ ਰਾਗਾ:।"

<u>ਪੰ. ਅਹੋਬਲ ਜੀ ਅਨੁਸਾਰ</u>

ਪੰ. ਅਹੋਬਲ ਨੇ ਰੰਜਕ ਸਵਰ ਸੰਦਰਭ ਨੂੰ ਰਾਗ ਕਿਹਾ ਹੈ।

"ਰੰਜਕ: ਸਵਰਸੰਦਰਭੋ ਰਾਗ ਇਤਯ ਭਿਧੀਯਤੇ"

Scanned by CamScanner

ਜਿਵੇਂ ਅਸੀਂ ਪਹਿਲਾਂ ਗੱਲ ਕੀਤੀ ਹੈ ਕਿ ਰਾਗ ਗਾਇਨ ਤੋਂ ਪਹਿਲਾਂ ਜਾਤੀ ਗਾਇਨ ਦਾ ਪ੍ਰਚਾਰ ਸੀ। ਇਸ ਜਾਤੀ ਗਾਇਨ ਦੇ ਦਸ ਲੱਛਣ ਹੁੰਦੇ ਸਨ ਜੋ ਹੇਠ ਲਿਖੇ ਅਨੁਸਾਰ ਹਨ।

<u>ਜਾਤੀ ਦੇ 10 ਲੱਛਣ</u>

ਸੰਗੀਤ ਦੀ ਕਿਸੇ ਵੀ ਵਿਧਾ ਜਾਂ ਸ਼ੈਲੀ ਨੂੰ ਗਾਇਨ ਕਰਨ ਲਈ ਉਸਦੇ ਸੁਰਾਂ ਤੋਂ ਇਲਾਵਾ ਕੁਝ ਨਿਯਮਾਂ ਦਾ ਪਾਲਣ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਹਨਾਂ ਨਿਯਮਾਂ ਨੂੰ ਲੱਛਣ ਕਿਹਾ ਜਾਂਦਾ ਹੈ। ਜਾਤੀ ਗਾਇਨ ਲਈ ਵਿਦਵਾਨਾਂ ਨੇ ਮੁੱਖ ਤੌਰ ਤੇ 10 ਲੱਛਣਾਂ ਦਾ ਪਾਲਣ ਕਰਨਾ ਜ਼ਰੂਰੀ ਮੰਨਿਆ ਹੈ। ਇਹਨਾਂ ਲੱਛਣਾਂ ਕਰਕੇ ਹੀ ਕੋਈ ਜਾਤੀ ਦੂਜੀ ਜਾਤੀ ਤੋਂ ਭਿੰਨ ਹੋ ਜਾਂਦੀ ਹੈ। ਇਹਨਾਂ ਲੱਛਣਾਂ ਨੂੰ ਰਾਗ ਦੇ ਪੁਰਾਣੇ ਲੱਛਣ ਵੀ ਕਿਹਾ ਗਿਆ ਹੈ।

1. <u>ਗ੍ਰਹਿ</u>
ਉਹ ਸੁਰ ਜਿਸ ਤੋਂ ਜਾਤੀ ਗਾਇਨ ਦੀ ਸ਼ੁਰੂਆਤ ਕੀਤੀ ਜਾਂਦੀ ਹੈ। ਜ਼ਿਆਦਾਤਰ ਅੰਸ਼ ਸੁਰ ਹੀ ਗ੍ਰਹਿ ਸੁਰ ਦਾ ਰੂਪ ਧਾਰਨ ਕਰਦਾ ਹੈ।

2. <u>ਅੰਸ਼</u>
ਅੰਸ਼ ਸੁਰ ਨੂੰ ਜੀਵ ਸੁਰ ਜਾਂ ਪ੍ਰਾਣ ਸੁਰ ਵੀ ਕਿਹਾ ਜਾਂਦਾ ਹੈ। ਜਿਸ ਸੁਰ ਦਾ ਜਾਤੀ ਵਿਚ ਸਭ ਤੋਂ ਜ਼ਿਆਦਾ ਪ੍ਰਯੋਗ ਹੁੰਦਾ ਸੀ ਅਤੇ ਜਿਸ ਤੋਂ ਰਾਗ ਦੇ ਸਰੂਪ ਵਿਚ ਸਪਸ਼ਟਤਾ ਆਉਂਦੀ ਹੈ, ਉਹ ਅੰਸ਼ ਸੁਰ ਕਹਾਉਂਦਾ ਹੈ।

3. <u>ਨਿਆਸ</u>
ਜਾਤੀ ਵਿਚ ਜਿਥੇ ਗੀਤ ਦੀ ਸਮਾਪਤੀ ਹੁੰਦੀ ਸੀ, ਉਸ ਨੂੰ ਨਿਆਸ ਕਿਹਾ ਜਾਂਦਾ ਸੀ। ਇਹਨਾਂ ਦੀ ਸੰਖਿਆ 21 ਦੱਸੀ ਗਈ।

4. <u>ਅਪਨਿਆਸ</u>
ਜਿਸ ਸੁਰ ਤੇ ਜਾਤੀ ਦੇ ਮੱਧ ਭਾਗ ਦੀ ਸਮਾਪਤੀ ਹੁੰਦੀ ਸੀ ਉਸ ਸੁਰ ਨੂੰ ਅਪਨਿਆਸ ਕਿਹਾ ਜਾਂਦਾ ਹੈ ਸੀ। ਇਹਨਾਂ ਦੀ ਸੰਖਿਆ 56 ਮੰਨੀ ਗਈ ਸੀ।

5. <u>ਅਲਪਤਵ</u>
ਅਲਪਤਵ ਤੋਂ ਭਾਵ ਘੱਟ ਪ੍ਰਯੋਗ ਹੋਣ ਵਾਲੇ ਸੁਰ ਤੋਂ ਹੈ ਨਾ ਕਿ ਵਰਜਿਤ ਸੁਰ ਤੋਂ। ਅਲਪਤਵ ਨੂੰ ਦੋ ਢੰਗਾਂ ਨਾਲ ਦਿਖਾਇਆ ਜਾਂਦਾ ਹੈ ਇਕ ਲੰਘਨ ਦੁਆਰਾ ਤੇ ਦੂਜਾ ਅਨਅਭਿਆਸ ਦੁਆਰਾ।

6. <u>ਬਹੁਤਵ</u>
ਬਹੁਤਵ ਸੁਰ ਉਹ ਹੈ ਜੋ ਵਾਰ-ਵਾਰ ਪ੍ਰਯੋਗ ਕੀਤਾ ਜਾਂਦਾ ਹੈ ਭਾਵ ਜਿਸ ਸੁਰ ਨੂੰ ਵਧਾਇਆ ਜਾਂਦਾ ਹੈ। ਬਹੁਤਵ ਵੀ ਦੋ ਪ੍ਰਕਾਰ ਨਾਲ ਦਿਖਾਇਆ ਜਾਂਦਾ ਹੈ (1) ਅਲੰਘਨ (2) ਅਭਿਆਸ।

7. <u>ਸ਼ਾਡਵਤਵ</u>
ਇਹ ਨਿਯਮ ਜਾਤੀ ਜਾਂ ਰਾਗ ਵਿਚ ਪ੍ਰਗਟ ਹੋਣ ਵਾਲੇ ਸੁਰਾਂ ਦੀ ਗਿਣਤੀ ਤੇ ਆਧਾਰਿਤ ਹੈ, ਜਦੋਂ ਕਿਸੇ ਜਾਤੀ ਵਿਚ ਛੇ ਸੁਰਾਂ ਦਾ ਪ੍ਰਯੋਗ ਹੁੰਦਾ ਹੈ ਉਹ ਜਾਤੀ ਦਾ ਸ਼ਾਡਵਤਵ ਨਿਯਮ ਕਹਾਉਂਦਾ ਹੈ। ਭਰਤਮੁਨੀ ਨੇ ਇਹਨਾਂ ਦੀ ਗਿਣਤੀ 14 ਦੱਸੀ ਹੈ।

Scanned by CamScanner

8. <u>ਔੜਵਤਵ</u> ਇਹ ਲੱਛਣ ਵੀ ਜਾਤੀ ਵਿਚ ਪ੍ਰਯੋਗ ਹੋਣ ਵਾਲੇ ਸੁਰਾਂ ਦੀ ਗਿਣਤੀ ਤੇ ਆਧਾਰਿਤ ਹੈ। ਜਦੋਂ ਕੇਵਲ ਪੰਜ ਸੁਰਾਂ ਦਾ ਪ੍ਰਯੋਗ ਕੀਤਾ ਜਾਵੇ ਉਸ ਔੜਵਤਵ ਕਿਹਾ ਜਾਂਦਾ ਹੈ। ਭਰਤ ਨੇ ਔੜਵ ਜਾਤੀਆਂ ਦੀ ਗਿਣਤੀ 10 ਦੱਸੀ ਹੈ।

9. <u>ਤਾਰ</u> ਤਾਰ ਦਾ ਲੱਛਣ ਤਾਰ ਸਪਤਕ ਵਿਚ ਉਸਦੀ ਵਿਸਥਾਰ ਸੀਮਾ ਨਿਰਧਾਰਿਤ ਕਰਦਾ ਹੈ ਕਿ ਤਾਰ ਸਪਤਕ ਵਿਚ ਰਾਗ ਦਾ ਵਿਸਥਾਰ ਕਿਸ ਸੀਮਾ ਤਕ ਕੀਤਾ ਜਾ ਸਕਦਾ ਹੈ।

10. <u>ਮੰਦਰ</u> ਮੰਦਰ ਦਾ ਲੱਛਣ ਵੀ ਮੰਦਰ ਸਪਤਕ ਵਿਚ ਉਸਦੀ ਵਿਸਥਾਰ ਸੀਮਾ ਤਕ ਨਿਰਧਾਰਿਤ ਕਰਦਾ ਹੈ ਕਿ ਮੰਦਰ ਵਿਚ ਰਾਗ ਦਾ ਵਿਸਥਾਰ ਕਿਸ ਸੀਮਾ ਤਕ ਕੀਤਾ ਜਾ ਸਕਦਾ ਹੈ।

ਇਸ ਤਰ੍ਹਾਂ ਉਪਰੋਕਤ 10 ਲੱਛਣਾਂ ਦੀ ਪਾਲਣਾ ਕਰਨੀ ਜ਼ਰੂਰੀ ਹੁੰਦੀ ਸੀ ਅਤੇ ਇਨ੍ਹਾਂ ਵਿਚ ਮਨ ਚਾਹਿਆ ਪਰਿਵਰਤਨ ਕਰਨ ਦੀ ਮਨਾਹੀ ਹੁੰਦੀ ਸੀ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਜਾਤੀਆਂ ਹੀ ਅੱਗੇ ਚੱਲ ਕੇ ਰਾਗ ਦੇ ਰੂਪ ਵਿਚ ਵਿਕਸਿਤ ਹੋਈਆਂ। ਇਹ ਵੀ ਕਿਹਾ ਜਾਂ ਸਕਦਾ ਹੈ ਕਿ ਰਾਗ ਦਾ ਬੀਜ ਜਾਤੀ ਗਾਇਨ ਦੇ ਰੂਪ ਵਿਚ ਬੀਜਿਆ ਗਿਆ।

Scanned by CamScanner